ਦਫਤਰ :- ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ ਸਾਖਾ, ਸਾਹਮਣੇ ਪੁਲਿਸ ਸਟੇਸ਼ਨ, ਇੰਡਸਟ੍ਰੀਅਲ ਏਰੀਆ ਫੇਸ-1, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)

E-mail Id : pwdmohali@gmail.com, Tel. & Fax No. 0172-2226328

---

ਵੱਲ,

The Principal,
Golden Bells, Public School,
Sector-77,
Mohali.

ਨੰ: 2672 ਮਿਤੀ: 24-3-2022

**ਵਿਸ਼ਾ**:- ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਨੰ: **GBPS/1630153/21-22/84** ਮਿਤੀ **16.03.2022**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਮੰਡਲ ਅਧੀਨ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ: ਨਿ: ਵਿ: ਭ ਤੇ ਮ ਸ਼ਾਖਾ, ਐਸ.ਐਸ.ਨਗਰ ਦੀ ਰਿਪੋਰਟ ਅਨੁਸਾਰ ਸਕੂਲ ਦੀ ਇਮਾਰਤ ਦਾ ਹਰ ਪੱਖੋ ਮੁਆਇਨਾ ਕਰਨ ਉਪਰੰਤ ਇਮਾਰਤ ਠੀਕ ਪਾਈ ਗਈ ਹੈ। ਇਸ ਬਾਬਤ ਮਾਨਯੋਗ ਸਕੱਤਰ, ਪੰਜਾਬ ਲੋ.ਨਿ.ਨਿ. ਚੰਡੀਗੜ੍ਹ ਜੀ ਦੇ o/o 05.13.18-3BR3/1294287/3 ਮਿਤੀ 10.08.2018 ਰਾਹੀਂ ਇਮਾਰਤ ਦੀ ਲੋੜੀਂਦੀ 10 ਸਾਲਾਂ ਦੀ ਇਸਪੈਕਸ਼ਨ ਫੀਸ ਰੁ: 1,50,000/- ਰੁਪਏ, ਜੀ.ਆਰ.ਨੰ: 3903186 ਮਿਤੀ 21.03.2022 ਰਾਹੀ ਜਮਾਂ ਕਰਵਾ ਦਿੱਤੀ ਗਈ ਹੈ। ਇਸ ਲਈ ਉਪਰੋਕਤ ਸਕੂਲ ਦੀ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2032 ਤੱਕ ਹੇਠ ਲਿਖਿਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1. ਨਿਰੀਖਣ ਤੋਂ ਬਾਅਦ ਜੇਕਰ ਸਕੂਲ ਮੁਖੀ ਵੱਲੋਂ ਦਰਸਾਈ ਗਈ ਬਿਲਡਿੰਗ ਵਿੱਚ ਕੋਈ ਵੀ ਵਾਧਾ/ਬਦਲਾਵ ਕੀਤਾ ਜਾਂਦਾ ਹੈ ਤਾਂ ਉਹ ਕਿਸੇ ਮਾਨਤਾ ਪ੍ਰਾਪਤ ਇੰਜੀਨੀਅਰ ਦੀ ਨਿਗਰਾਨੀ ਵਿੱਚ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸਬੰਧੀ ਮਾਨਤਾ ਪ੍ਰਾਪਤ ਸਟੱਕਚਰਲ ਇੰਜੀਨੀਅਰ ਤੋਂ ਦੁਬਾਰਾ ਪ੍ਰਵਾਨਗੀ ਲੈਣ ਉਪਰੰਤ ਇਸ ਦਫਤਰ ਤੋਂ ਦਰਸਾਈਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਦੁਬਾਰਾ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਵਾਇਆ ਜਾਵੇ।

2. ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਸਕੂਲ ਮੁੱਖੀ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।

3. ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਐਸ.ਐਸ.ਨਗਰ ਵਲੋ ਉਨ੍ਹਾਂ ਦੇ ਨੰ: NOC No. 2004-42163-Fire/29365 ਮਿਤੀ 03.09.2021 ਦੁਆਰਾ ਜਾਰੀ ਕੀਤਾ ਗਿਆ ਹੈ। ਫਾਇਰ ਸੇਫਟੀ ਸਰਟੀਫਿਕੇਟ ਨਵੀਨੀਕਰਨ ਦੀ ਨਿਰੋਲ ਜਿੰਮੇਵਾਰੀ ਬਿਨੈਕਾਰ ਦੀ ਹੋਵੇਗੀ, ਨਹੀਂ ਤਾਂ ਤੁਰੰਤ ਸਮੇਂ ਤੋਂ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ। ਫਾਇਰ ਸੇਫਟੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

4. ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀ ਹੋਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਐਸ.ਏ.ਐਸ. ਨਗਰ।

24/3/22

ਪਿੱਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ, ਐਸ.ਐਸ.ਨਗਰ ਨੂੰ ਉਨ੍ਹਾਂ ਦੇ ਪੱਤਰ ਨੰ: 110 ਮਿਤੀ 21.03.2022 ਦੇ ਹਵਾਲੇ ਅਧੀਨ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਐਸ.ਏ.ਐਸ. ਨਗਰ।